ਬੱਚਿਆਂ ਲਈ ਬਾਈਬਲ

ਉੱਪਸਥਿਤ

# ਯਿਸੂ ਨੇ ਅੰਨ੍ਹੇ ਨੂੰ ਚੰਗਾ ਕੀਤਾ



ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Alastair Paterson; Janie Forest

ਦੁਆਰਾ ਬਦਲਿਆ ਗਿਆ : Ruth Klassen

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2020 Bible for Children, Inc.
ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਬਰਤਿਮਾਈ ਇੱਕ ਅੰਨ੍ਹਾ ਮਨੁੱਖ ਸੀ ਜਿਹੜਾ ਯਰੀਹੋ ਦੇ ਨੇੜੇ ਰਾਸਤੇ ਦੇ ਕਿਨਾਰੇ ਬੈਠ ਕੇ ਭੀਖ ਮੰਗਦਾ ਸੀ। ਜਿਵੇਂ ਉਥੋਂ ਜਾਦੇ ਹੋਏ ਕੁਝ ਨਰਮ ਦਿਲ ਲੋਕਾਂ ਨੇ ਛੋਟੇ ਸਿੱਕੇ ਅਤੇ ਖਾਣੇ ਦੇ ਕੁਝ ਟੁਕੜੇ ਦਿੱਤੇ। ਬਰਤਿਮਾਈ ਕੰਮ ਨਹੀ ਕਰ ਸਕਦਾ ਸੀ ਕਿਉਂਕਿ ਉਹ ਅੰਨ੍ਹਾ ਸੀ।ਉਹ ਸਿਰਫ਼ ਭੀਖ ਮੰਗ ਸਕਦਾ ਸੀ।



ਇੱਕ ਦਿਨ, ਰਾਸਤਾ ਬੜਾ ਵਿਅਸਤ ਸੀ। ਬਰਤਿਮਾਈ ਨੇ ਬਹੁਤ ਸਾਰੇ ਪੈਰਾਂ ਦੀ ਆਵਾਜ ਸੁਣੀ। ਕੁਝ ਅਸਧਾਰਨ ਹੋ ਰਿਹਾ ਸੀ। ਜਲਦ ਹੀ ਉਸ ਅੰਨ੍ਹੇ ਆਦਮੀ ਨੇ ਜਾਣ ਲਿਆ ਕੇ ਕੀ ਹੋ ਰਿਹਾ ਸੀ।



ਯਿਸੂ ਨਾਸਰੀ ਨਗਰ ਵਿੱਚ ਸੀ। ਭੀੜ ਯਿਸੂ ਨੂੰ ਵੇਖਣ ਅਤੇ ਸੁਨਣ ਲਈ ਇਕੱਠੀ ਹੋਈ ਸੀ।





"ਯਿਸੂ, ਦਾਊਦ ਦੇ ਪੁੱਤਰ, ਮੇਰੇ ਉੱਤੇ ਦਯਾ ਕਰ!" ਬਰਤਿਮਾਈ ਕਿਉਂ ਚਿਲਾਇਆ? ਉਸਨੇ ਕਿਉਂ ਸੋਚਿਆ ਕੀ ਯਿਸੂ ਮੇਰੀ ਮਦਦ ਕਰੇਗਾ? ਸ਼ਾਇਦ ਉਸਨੇ ਸੁਣਿਆ ਯਿਸੂ ਨੇ ਦੂਸਰਿਆ ਨੂੰ ਚੰਗਾ ਕੀਤਾ ਸੀ। ਕੁਝ ਬਹਿਰੇ, ਕੁਝ ਗੂੰਗੇਂ, ਕੁਝ ਅਪਾਹਿਜ ਅਤੇ ਕੁਝ ਉਸ ਦੇ ਵਾਗੂੰ ਅੰਨ੍ਹੇ ਸੀ। "ਦਾਊਦ ਦੇ ਪੁੱਤਰ ਮੇਰੇ ਉੱਤੇ ਦਯਾ ਕਰੋ," ਬਰਤਿਮਾਈ ਵਾਰ - ਵਾਰ ਚਿਲਾਇਆ। ਉਸਦੀ ਆਵਾਜ ਆਸ਼ਾ ਨਾਲ ਭਰੀ ਸੀ।



ਬਰਤਿਮਾਈ ਨੂੰ ਇੱਕ ਗੱਲ ਨਿਸ਼ਚਿਤ ਸੀ। ਜੇਕਰ ਉਸਨੂੰ ਹੁਣ ਸਹਾਇਤਾ ਨਾ ਮਿਲੀ ਤਾਂ ਦੁਬਾਰਾ ਉਸਨੂੰ ਮੌਕਾ ਨਹੀ ਮਿਲੇਗਾ। ਯਿਸੂ ਕਦੀ ਵੀ ਇਸ ਰਾਸਤੇ ਤੇ ਦੁਬਾਰਾ ਨਹੀ ਆਵੇਗਾ।



ਬਰਤਿਮਾਈ ਨੇ ਯਿਸੂ
ਕੋਲ ਪਹੁੰਚਣਾ ਸੀ।
ਪਰ ਲੋਕ ਨਾ ਹਟੇ।
“ਸ਼ ਸ਼ ਸ਼ ਸ਼ ਸ਼!”
ਉਹਨਾਂ ਕਿਹਾ। ਉਹਨਾਂ
ਨੇ ਉਸ ਨੂੰ ਚੁੱਪ ਰਹਿਣ
ਦੀ ਚੇਤਾਵਨੀ ਦਿੱਤੀ।



ਪਰ ਬਰਤਿਮਾਈ ਚੁੱਪ ਨਾ ਰਿਹਾ।
ਉਹ ਚੀਕਦਾ ਹੀ ਰਿਹਾ। ਅਚਾਨਕ ਯਿਸੂ ਰੁਕ
ਗਿਆ! ਸੁਣਿਆ! ਹੁਕਮ ਦਿੱਤਾ ਕੀ ਉਸ ਅੰਨ੍ਹੇ
ਆਦਮੀ ਨੂੰ ਉਸ ਕੋਲ ਲਿਆਉਣ! “ਖੁਸ਼ ਹੋ
ਜਾਹ,” ਲੋਕਾਂ ਨੇ ਬਰਤਿਮਾਈ ਨੂੰ ਕਿਹਾ।
“ਖੁੜਾ ਹੋ ਜਾਹ। ਉਹ
ਤੈਨੂੰ ਬੁਲਾ ਰਿਹਾ ਹੈ।”

ਆਪਣਾ ਕੱਪੜਾ ਪਾਸੇ ਸੁੱਟਕੇ, ਬਰਤਿਮਾਈ ਖੜ੍ਹਾ ਹੋਇਆ ਅਤੇ ਯਿਸੂ ਕੋਲ ਆਇਆ।



“ਤੂੰ ਕੀ ਚਾਹੁੰਦਾ ਹੈ ਕੀ ਮੈਂ ਤੇਰੇ ਲਈ
ਕਰਾਂ?” ਯਿਸੂ ਨੇ ਪੁੱਛਿਆ। ਤੁਸੀ
ਉਸਦਾ ਉੱਤਰ ਕਿਵੇਂ ਦਿਉਗੇ? ਕੀ ਤੁਸੀ
ਉਸ ਤੋਂ ਬਹੁਤ ਸਾਰੇ ਪੈਸੇ ਜਾਂ ਵਧੀਆ
ਨਵੇਂ ਕੱਪੜੇ ਮੰਗੋਗੇ? ਕੀ ਬਰਤਿਮਾਈ
ਇਹੀ ਚਾਹੁੰਦਾ ਸੀ?



ਨਹੀ, ਅੰਨ੍ਹੇ ਬਰਤਿਮਾਈ ਨੇ ਯਿਸੂ ਕੋਲੋਂ ਸੋਨਾ
ਜਾਂ ਵਧੀਆ ਕੱਪੜੇ ਨਹੀ ਮੰਗੇ। ਤੁਸੀ ਜਾਣਦੇ
ਹੋ ਕੇ ਉਹ ਕੀ ਚਾਹੁੰਦਾ ਸੀ?



"ਪ੍ਰਭੂ, ਕੀ ਮੈਂ ਨਿਗਾਹ ਪਾ ਸਕਾਂ।" ਬਰਤਿਮਾਈ ਵੇਖਣਾ ਚਾਹੁੰਦਾ ਸੀ! ਉਹ ਦਰਖ਼ਤਾਂ ਨੂੰ ਪੰਛੀਆਂ ਨੂੰ ਅਤੇ ਪਰਮੇਸ਼ਵਰ ਦੀ ਬਣਾਈ ਹੋਈ ਸੁੰਦਰ ਰਚਨਾ ਨੂੰ ਵੇਖਣਾ ਚਾਹੁੰਦਾ ਸੀ। ਉਹ ਵੇਖਣਾ ਚਾਹੁੰਦਾ ਸੀ ਕੀ ਉਹ ਆਪਣੀ ਦੇਖ ਭਾਲ ਕਰ ਸਕੇ ਅਤੇ ਭਿਖਾਰੀ ਦੇ ਵਾਗੂੰ ਨਾ ਰਹੇ।



ਤਦ ਯਿਸੂ ਨੇ ਬਰਤਿਮਾਈ ਨੂੰ ਕਿਹਾ: “ਤੂੰ ਆਪਣੀ ਨਿਗਾਹ ਲੈ। ਤੇਰੇ ਵਿਸ਼ਵਾਸ਼ ਨੇ ਤੈਨੂੰ ਬਚਾਇਆ ਹੈ।”



ਜਿਵੇਂ ਹੀ ਇੱਕ ਵਾਰ
ਉਸਨੂੰ ਆਪਣੀ
ਗਿਾਹ ਮਿਲੀ, ਅਤੇ
ਉਹ ਯਿਸੂ ਦੇ ਪਿੱਛੇ
ਚੱਲ ਪਿਆ।
ਉਸਦਾ ਸਭ ਕੁਝ
ਇਹੀ ਕਹਿਣਾ
ਸੀ “ਪਰਮੇਸ਼ਵਰ
ਅਦਭੁਤ ਹੈ!
ਉਸ ਨੇ ਮੈਨੂੰ
ਚੰਗਾ ਕੀਤਾ।!”
ਬਰਤਿਮਾਈ ਲਈ
ਇਹ ਇੱਕ ਅਦਭੁਤ
ਸਮਾਂ ਸੀ।





ਜਦ ਸਾਰੇ ਲੋਕਾਂ ਨੇ ਇਹ ਵੇਖਿਆ, ਉਹਨਾਂ ਪਰਮੇਸ਼ਵਰ ਦੀ ਵਡਿਆਈ ਕੀਤੀ। ਇੱਕ ਵਾਰ ਫਿਰ ਉਹਨਾਂ ਨੇ ਪਰਮੇਸ਼ਵਰ ਦੇ ਪੁੱਤਰ ਯਿਸੂ ਦੀ ਅਦਭੁਤ ਸ਼ਕਤੀ ਨੂੰ ਇੱਕ ਗਰੀਬ ਅੰਨ੍ਹੇ ਭਿਖਾਰੀ ਦੀ ਨਜ਼ਰ ਵਾਪਸ ਲਿਆਉਂਦੇ ਵੇਖਿਆ।

# ਯਿਸੂ ਨੇ ਅੰਨ੍ਹੇ ਨੂੰ ਚੰਗਾ ਕੀਤਾ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਮਰਕੁਸ ਦੀ ਇੰਜੀਲ 10, ਲੂਕਾ ਦੀ ਇੰਜੀਲ 18,
ਯਹੂੰਨਾ ਦੀ ਇੰਜੀਲ 9

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130


ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿੰਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16